# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ ਮੁੱਖ ਲੇਖਾ ਅਫਸਰ,ਹੈ:ਕੁ:(ਪੈਨਸ਼ਨ ਆਡਿਟ)

ਫੋਨ ਅਤੇ ਫੈਕਸ ਨੰ: 0175-2213046

ਵੱਲ,

ਸਾਰੇ ਮੁੱਖ ਇੰਜੀ:/ਪੰ.ਰਾ:ਪਾ:ਕਾ:ਲਿਮ:,/ਪੰ.ਰਾ:ਟਾ:ਕਾ:ਲਿਮ:,
ਸਾਰੇ ਮੁੱਖ ਲੇਖਾ ਅਫਸਰ/ਵਿੱਤ ਸਲਾਹਕਾਰ/ਕਾਸਟ ਕੰਟਰੋਲਰ ਪੰ.ਰਾ:ਪਾ:ਕਾ:ਲਿਮ:, /ਪੰ.ਰਾ:ਟਾ:ਕਾ:ਲਿਮ:,
ਸਾਰੇ ਨਿਗ:ਇੰਜੀ:/ ਪੰ.ਰਾ:ਪਾ:ਕਾ:ਲਿਮ:,/ਪੰ.ਰਾ:ਟਾ:ਕਾ:ਲਿਮ:,
ਸਾਰੇ ਉਪ ਸਕੱਤਰ/ਪੰ.ਰਾ:ਪਾ:ਕਾ:ਲਿਮ:, /ਪੰ.ਰਾ:ਟਾ:ਕਾ:ਲਿਮ:
ਸਾਰੇ ਉਪ ਮੁੱਖ ਲੇਖਾ ਅਫਸਰ, ਪੰ.ਰਾ:ਪਾ:ਕਾ:ਲਿਮ:,/ਪੰ.ਰਾ:ਟਾ:ਕਾ:ਲਿਮ:,,
ਸਾਰੇ ਡੀ.ਡੀ.ਓਜ਼, ਪੰ.ਰਾ:ਪਾ:ਕਾ:ਲਿਮ:,/ਪੰ.ਰਾ:ਟਾ:ਕਾ:ਲਿਮ:,

ਪੱਤਰ ਨੰ: 180/658 ਮਿਤੀ 20/11/13

ਵਿਸ਼ਾ: ਵਿੱਤ ਸਰਕੂਲਰ ਨੰ; 14/2011 ਮਿਤੀ 4.1.2011 ਰਾਹੀਂ 150 ਰੁ: ਗਰੇਡ ਪੇ ਵੱਧਣ ਨਾਲ ਤਨਖਾਹ ਨਿਸਚਿਤ ਕਰਕੇ 1.1.2006 ਤੋ ਬਾਅਦ ਰਿਟਾਇਰ ਹੋਏ ਕਰਮਚਾਰੀਆਂ ਦੀ ਪੈਨਸ਼ਨ ਰਿਵਾਇਜ਼ ਕਰਨ ਸਬੰਧੀ।

ਉਪਰੋਕਤ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਕਾਰਪੋਰੇਸ਼ਨ ਨੇ ਵਿੱਤ ਸਰਕੂਲਰ ਨੰ:14/2011 ਮਿਤੀ 4.1.2011 ਰਾਹੀਂ ਫਿਟਮੈਂਟ ਟੇਬਲ 1 ਤੋ 16 ਅਧੀਨ ਆਉਦੇ ਸਾਰੇ ਕਰਮਚਾਰੀਆਂ ਦੀ ਗਰੇਡ ਪੇ ਵਿਚ ਵਾਧਾ ਕੀਤਾ ਸੀ, ਜਿਸ ਅਨੁਸਾਰ ਉਨ੍ਹਾਂ ਦੀ ਤਨਖਾਹ ਸੋਧਣੀ ਬਣਦੀ ਹੈ ਪਰ ਦੇਖਣ ਵਿਚ ਆਇਆ ਹੈ ਕਿ 1.1.2006 ਤੋ ਬਾਅਦ ਜਿਹੜੇ ਕਰਮਚਾਰੀ ਰਿਟਾਇਰ ਹੋਏ ਹਨ ਅਤੇ ਉਨ੍ਹਾਂ ਨੂੰ ਇਹ ਲਾਭ ਮਿਲਣਯੋਗ ਹੈ, ਉਨ੍ਹਾਂ ਦੇ ਕੇਸ ਉਕਤ ਹਦਾਇਤਾਂ ਦੀ ਪ੍ਰਾਲਣਾ ਵਿਚ ਤਨਖਾਹ ਨਿਸਚਿਤ ਕਰਕੇ ਰਿਵਾਈਜ਼ਡ ਐਲ.ਪੀ.ਸੀ. ਜਾਰੀ ਕਰਨ ਉਪਰੰਤ ਉਨ੍ਹਾਂ ਦੀ ਪੈਨਸ਼ਨ ਸੋਧਣ ਲਈ ਇਸ ਦਫਤਰ ਨੂੰ ਨਹੀਂ ਭੇਜੀ ਜਾ ਰਹੀ ਜਿਸ ਕਰਕੇ ਉਨ੍ਹਾਂ ਨੂੰ ਮਾਲੀ ਔਕੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਿਹੜੇ ਕਰਮਚਾਰੀ 1.1.2006 ਤੋ ਬਾਅਦ ਰਿਟਾਇਰ ਹੋਏ ਹਨ ਅਤੇ ਉਨ੍ਹਾਂ ਦੀ ਵਿੱਤ ਸਰਕੂਲਰ ਨੰ:14/2011 ਮਿਤੀ 4.1.2011 ਦੀ ਪਾਲਣਾ ਵਿਚ ਰਿਟਾਇਰਮੈਂਟ/ਮੌਤ ਦੀ ਮਿਤੀ ਤੱਕ ਤਨਖਾਹ ਨਿਸਚਿਤ ਨਹੀਂ ਕੀਤੀ ਉਨ੍ਹਾਂ ਦੀ ਤਨਖਾਹ ਤੁਰੰਤ ਨਿਸਚਿਤ ਕਰਨ ਦੀ ਖੇਚਲ ਕੀਤੀ ਜਾਵੇ ਤਾਂ ਜੋ ਉਨ੍ਹਾਂ ਦੀ ਪੈਨਸ਼ਨ ਰਿਵਾਈਜ਼ ਕੀਤੀ ਜਾ ਸਕੇ ਕਿਉਕਿ ਪੈਨਸ਼ਨਰਜ਼ ਐਸੋਸੀਏਸ਼ਨ ਲਮਕਾ ਅਵਸਥਾ ਵਿਚ ਪਏ ਕੇਸਾ ਦਾ ਨਿਪਟਾਰਾ ਕਰਨ ਲਈ ਬਹੁਤ ਜ਼ੋਰ ਪਾ ਰਹੀ ਹੈ।

ਇਹ ਮੁੱਖ ਲੇਖਾ ਅਫਸਰ/ ਹੈ:ਕੁ: ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਲੇਖਾ ਅਫਸਰ/ਪੀ.ਅਤੇ ਐਫ.
ਪੰ.ਰਾ:ਪਾ:ਕਾ:ਲਿਮ: ਪਟਿਆਲਾ।

ਪਿ:ਅੰ:ਨੰ: ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗੇਤਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ

1. ਨਿਗ:ਇੰਜੀ:/ਆਈ.ਟੀ., ਪੰ.ਰਾ:ਪਾ:ਕਾ:ਲਿਮ: ਪਟਿਆਲਾ ਨੂੰ ਸਾਈਟ ਤੇ ਅੱਪ ਲੋਡ ਕਰਨ ਲਈ ਭੇਜਿਆ ਜਾਂਦਾ ਹੈ।
2. ਉਪ ਸਕੱਤਰ ਸ਼ਿਕਾਇਤਾਂ ਅਤੇ ਭਲਾਈ, ਪੰ.ਰਾ:ਪਾ:ਕਾ:ਲਿਮ: ਪਟਿਆਲਾ ।

ਸਹੀ

ਉਪ ਮੁੱਖ ਲੇਖਾ ਅਫਸਰ/ਪੀ.ਅਤੇ ਐਫ.
ਪੰ.ਰਾ:ਪਾ:ਕਾ:ਲਿਮ: ਪਟਿਆਲਾ।